ਪੰਜਾਬ ਸਰਕਾਰ
ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ
(ਪਸ਼ੂ ਪਾਲਣ-2 ਸ਼ਾਖਾ)

ਅਧਿਸੂਚਨਾ

ਨੰ:18/104/2001/ਪਪ-6/ 3967 ਚੰਡੀਗੜ੍ਹ, ਮਿਤੀ: 9/8/19

ਇਸ ਵਿਭਾਗ ਵੱਲੋਂ ਪੱਤਰ ਨੰ:18/104/2001-ਪਪ-6/3501-02 ਮਿਤੀ 23.07.2019 ਰਾਹੀਂ ਜਾਰੀ ਅਧਿਸੂਚਨਾ ਦੀ ਅਧਿਲੰਘਨਾ ਕਰਕੇ ਪੰਜਾਬ ਸਟੇਟ ਵੈਟਰਨਰੀ ਕੌਂਸਿਲ ਰੂਲਜ਼, 1997 ਦੇ ਰੂਲ 3(1) ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਹੇਠ ਦਰਸਾਏ ਨੂੰ ਅਧਿ-ਸੂਚਿਤ ਕਰਦੇ ਹਨ:-

1 ਇੰਡੀਅਨ ਵੈਟਰਨਰੀ ਕੌਂਸਿਲ ਐਕਟ, 1984 ਦੀ ਧਾਰਾ 32(1)(ੲ) ਅਧੀਨ ਪੰਜਾਬ ਸਟੇਟ ਵੈਟਰਨਰੀ ਕੌਂਸਿਲ ਲਈ, ਐਕਟ ਦੇ ਚੈਪਟਰ 7 ਅਧੀਨ ਮੇਨਟੇਨ ਕੀਤੇ ਪੰਜਾਬ ਵੈਟਰਨਰੀ ਰਜਿਸਟਰ ਵਿੱਚ ਦਰਜ਼ ਵਿਅਕਤੀਆਂ ਨੂੰ ਪੰਜਾਬ ਸਰਕਾਰ, ਪੰਜਾਬ ਵੈਟਰਨਰੀ ਕੌਂਸਿਲ ਰੂਲਜ਼, 1997 ਦੇ ਪ੍ਰਵਾਧਾਨਾਂ ਅਨੁਸਾਰ 4 ਮੈਂਬਰਾਂ ਦੀ ਚੋਣ ਲਈ ਸੱਦਾ ਦਿੰਦੀ ਹੈ।

2 ਤਜਵੀਜ਼ ਕੀਤੇ ਚੋਣ ਵਿੱਚ ਕੇਵਲ ਉਹ ਵਿਅਕਤੀ ਹੀ ਭਾਗ ਲੈਣ ਲਈ ਯੋਗ ਹੋਣਗੇ, ਜਿਨ੍ਹਾਂ ਦਾ ਨਾਮ ਮਿਤੀ 30-08-2019 ਤੱਕ ਜਾਂ ਇਸ ਤੋਂ ਪਹਿਲਾਂ ਪੰਜਾਬ ਸਟੇਟ ਵੈਟਰਨਰੀ ਕੌਂਸਿਲ ਵਿਚ ਰਜਿਸਟਰਡ/ਦਰਜ ਹੋਵੇਗਾ।

ਜਿਨ੍ਹਾਂ ਵਿਅਕਤੀਆਂ ਦਾ ਨਾਮ ਰਜਿਸਟ੍ਰੇਸ਼ਨ ਰੀਨਿਊ ਨਾ ਕਰਵਾਉਣ ਕਰਕੇ ਰੀਮੂਵ ਹੋ ਚੁੱਕਾ ਹੋਵੇ ਜਾਂ ਜਿਨ੍ਹਾਂ ਵਿਅਕਤੀਆਂ ਦੀ ਸਾਲ 2019 ਵਿਚ ਰਜਿਸਟਰੇਸ਼ਨ ਰੀਨਿਊ ਲਈ ਡਿਊ ਹੋਵੇ ਅਜਿਹੇ ਵਿਅਕਤੀ ਚੋਣ ਵਿਚ ਤਾਂ ਹੀ ਭਾਗ ਲੈਣ ਲਈ ਯੋਗ ਹੋਣਗੇ, ਜੇਕਰ ਉਹ ਮਿਤੀ 30-08-2019 ਤੱਕ ਆਪਣਾ ਨਾਮ ਰੀ-ਸਟੋਰ ਜਾਂ ਆਪਣੀ ਰਜਿਸਟ੍ਰੇਸ਼ਨ ਰੀਨਿਊ ਕਰਵਾਉਣਗੇ।

3 ਪੰਜਾਬ ਸਰਕਾਰ, ਪੰਜਾਬ ਸਟੇਟ ਵੈਟਰਨਰੀ ਕੌਂਸਿਲ ਰੂਲਜ਼, 1997 ਦੇ ਰੂਲ 8(2) ਅਧੀਨ ਪ੍ਰਕਾਸ਼ਿਤ ਕੀਤੇ ਗਏ ਇਲੈਕਟੋਰਲ ਰੋਲਜ਼ ਰਜਿਸਟਰਾਰ, ਪੰਜਾਬ ਸਟੇਟ ਵੈਟਰਨਰੀ ਕੌਂਸਿਲ ਤੋਂ ਮਿਲਣ ਉਪਰੰਤ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਨੂੰ ਕਹੇ ਗਏ ਰੂਲਜ਼ ਦੇ ਰੂਲ 9(1) ਅਧੀਨ ਚੋਣ ਅਧਿਕਾਰੀ (ਰਿਟਰਨਿੰਗ ਅਫਸਰ) ਨਾਮਜਦ/ਮਨੋਨੀਤ ਕਰੇਗੀ। ਇਸ ਤੋਂ ਇਲਾਵਾ ਚੋਣ ਦੇ ਪ੍ਰਬੰਧ/ਚੋਣ ਸਪੰਨ ਕਰਨ ਲਈ ਚੋਣ ਅਫਸਰ ਨੂੰ ਸਹਾਇਤਾ ਪ੍ਰਦਾਨ ਕਰਨ ਵਾਸਤੇ ਸਹਾਇਕ ਚੋਣ ਅਧਿਕਾਰੀ (ਅਸਿਸਟੈਂਟ ਰਿਟਰਨਿੰਗ ਅਫਸਰ) ਅਤੇ ਚੋਣ ਸਹਾਇਕ (ਇਲੈਕਸ਼ਨ ਅਸਿਸਟੈਂਟਸ) ਵੀ ਮਨੋਨੀਤ ਕੀਤੇ ਜਾਣਗੇ।

4 ਚੋਣ ਅਧਿਕਾਰੀ ਸਰਕਾਰੀ ਗਜ਼ਟ ਵਿੱਚ ਅਧਿਸੂਚਨਾਂ ਰਾਹੀ ਜਾਂ ਉਚਿਤ ਲਗਦੇ ਅਜਿਹੇ ਹੋਰ ਮਾਧਿਅਮ ਰਾਹੀ, ਜਿਥੇ ਨੌਮੀਨੇਸ਼ਨਜ਼ ਡਲੀਵਰ ਕੀਤੀਆਂ ਜਾਣਗੀਆਂ, ਲਈ ਨਿਸ਼ਚਿਤ ਰੂਪ ਵਿੱਚ ਥਾਂ ਦੱਸਦੇ ਹੋਏ ਨੌਮੀਨੇਸ਼ਨ ਦਰਜ ਕਰਨ ਲਈ ਮਿਤੀ, ਨੌਮੀਨੇਸ਼ਨ ਪੇਪਰਾਂ ਦੀ ਪੜਤਾਲ (ਸਕ੍ਰਉਟਿਨੀ) ਲਈ ਮਿਤੀ ਅਤੇ ਸਮਾਂ, ਨੌਮੀਨੇਸ਼ਨ ਵਾਪਸ ਲੈਣ ਦੀ ਮਿਤੀ, ਚੋਣ ਲਈ ਵੋਟਾਂ ਪੈਣ ਦੀ ਮਿਤੀ, ਵੋਟਾਂ ਦੀ ਗਿਣਤੀ ਲਈ ਮਿਤੀ, ਸਮਾਂ ਤੇ ਥਾਂ ਅਤੇ ਚੋਣ ਦੇ ਨਤੀਜੇ ਦੀ ਘੋਸ਼ਣਾ ਆਦਿ ਪੰਜਾਬ ਸਟੇਟ ਵੈਟਰਨਰੀ ਕੌਂਸਿਲ ਰੂਲਜ਼, 1997 ਅਤੇ ਇੰਡੀਅਨ ਵੈਟਰਨਰੀ ਕੌਂਸਿਲ ਐਕਟ,1984 ਦੀਆਂ ਵਿਵਸਥਾਵਾਂ ਦੇ ਅਨੁਰੂਪ ਨਿਯਤ ਕਰਨਗੇ।

**ਰਾਜ ਕਮਲ ਚੋਧਰੀ**
**ਸਕੱਤਰ,ਪੰਜਾਬ ਸਰਕਾਰ**
**ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ**

ਪਿੰ.ਅੰ.ਨੰ:18/104/2001/ਪਪ-6/ 3968 ਚੰਡੀਗੜ੍ਹ, ਮਿਤੀ: 9/8/19

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ।

2) ਰਜਿਸਟਰਾਰ, ਪੰਜਾਬ ਸਟੇਟ ਵੈਟਰਨਰੀ ਕੌਂਸਿਲ ਨੂੰ ਉਨ੍ਹਾਂ ਦੇ ਪੱਤਰ ਨੰ:ਪੀ.ਐਸ.ਵੀ.ਸੀ/ ਇਲੈਕਸ਼ਨ-19/19-20/419 ਮਿਤੀ 30-07-2019 ਦੇ ਹਵਾਲੇ ਵਿੱਚ।

3) ਡਾ.ਪਸਰੀਚਾ, ਵੈਟੀ.ਅਫਸਰ ਦਫਤਰ ਡ.ਪ.ਪ. ਨੂੰ (ਬਤੌਰ ਨੋਡਲ ਅਫਸਰ) ਉਕਤ ਪੱਤਰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ official website ਤੇ ਅੱਪਲੋਡ ਕਰ ਦਿੱਤਾ ਜਾਵੇ ਤੇ ਪ੍ਰਿੰਟਿਗ ਅਤੇ ਸਟੇਸ਼ਨਰੀ ਵਿਭਾਗ ਨੂੰ ਵੀ ਸੂਚਿਤ ਕਰ ਦਿੱਤਾ ਜਾਵੇ।

ਸੁਪਰਡੰਟ ਗਰੇਡ-1